ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ
ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਮੋਹਾਲੀ,
ਈਮੇਲ: directorscert@punjabeducation.gov.in, ਫੋਨ ਨੰ: 0172-2212221

Azadi Ka Amrit Mahotsav

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ/ਐ.ਸਿ.)
ਸਮੂਹ ਡਾਇਟ ਪ੍ਰਿੰਸੀਪਲ,
ਸਮੂਹ ਬੀ.ਪੀ.ਈ.ਓ.,
ਸਮੂਹ ਸਕੂਲ ਮੁਖੀ (ਵੈੱਬਸਾਈਟ ਰਾਹੀਂ)
ਪੰਜਾਬ।

ਮੀਮੋ ਨੰ: E-668408/SCERT, QP/UP/2024 183630

ਮਿਤੀ: ਐਸ.ਏ.ਐਸ.ਨਗਰ, 26-07-2024

**ਵਿਸ਼ਾ: ਮਿਸ਼ਨ ਸਮਰੱਥ ਤਹਿਤ ਜਮਾਤਾਂ ਦੂਜੀ ਤੋਂ ਅੱਠਵੀਂ ਦੀ Endline Testing ਸਬੰਧੀ।**

ਹਵਾਲਾ: ਇਸ ਦਫ਼ਤਰ ਦੇ ਪੱਤਰ ਨੰ668408/SCERT,QP/UP/2024-157753 ਮਿਤੀ 03.07.2024

1.0. ਉਪਰੋਕਤ ਵਿਸ਼ੇ ਅਤੇ ਹਵਾਲਾ ਪੱਤਰ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0. ਮਿਸ਼ਨ ਸਮਰੱਥ ਤਹਿਤ ਜਮਾਤਾਂ ਦੂਜੀ ਤੋਂ ਅੱਠਵੀਂ ਦੀ Endline Testing ਹੇਠ ਲਿਖੀ ਸਾਰਣੀ ਅਨੁਸਾਰ ਕਰਵਾਈ ਜਾਵੇਗੀ:-

| ਜਮਾਤਾਂ | Endling Testing ਦੀ ਮਿਤੀ | ਈ ਪੰਜਾਬ ਐਪ ਤੇ ਡਾਟਾ ਅਪਲੋਡ ਕਰਨ ਦਾ ਸਮਾਂ |
|---|---|---|
| ਪੰਜਵੀਂ ਤੋਂ ਅੱਠਵੀਂ | 29.07.2024 ਤੋਂ 31.07.2024 | 29.07.2024 ਤੋਂ 02.08.2024 |
| ਦੂਜੀ ਤੋਂ ਚੌਥੀ | 28.08.2024 ਤੋਂ 30.08.2024 | 28.08.2024 ਤੋਂ 02.09.2024 |

3.0. ਜਮਾਤਾਂ ਛੇਵੀਂ ਤੋਂ ਅੱਠਵੀਂ ਲਈ ਅੰਗਰੇਜ਼ੀ, ਪੰਜਾਬੀ ਅਤੇ ਗਣਿਤ ਵਿਸ਼ਿਆਂ ਦੇ Bi-Monthly Test-1 ਵੀ ਮਿਤੀ 29/07/2024 ਤੋਂ 31/07/2024 ਤੱਕ ਮਿਸ਼ਨ ਸਮਰੱਥ ਤਹਿਤ ਪੜ੍ਹਾਏ ਗਏ ਕੰਟੈਂਟ ਵਿੱਚੋਂ ਹੀ ਲਏ ਜਾਣਗੇ। ਇਹਨਾਂ ਟੈਸਟਾਂ ਲਈ ਸੈਂਪਲ ਪ੍ਰਸ਼ਨ-ਪੱਤਰ ਨਾਲ ਨੱਥੀ ਹਨ।

4.0. ਮਿਸ਼ਨ ਸਮਰੱਥ ਤਹਿਤ ਕਰਵਾਈ ਜਾ ਰਹੀ Endline Testing ਦੀ ਵਿਭਾਗ ਵੱਲੋਂ ਸੁਤੰਤਰ ਤੌਰ 'ਤੇ ਜਾਂਚ ਕੀਤੀ ਜਾਵੇਗੀ। ਸੁਤੰਤਰ ਜਾਂਚ ਦੌਰਾਣ ਜੇਕਰ ਕਿਸੇ ਸਕੂਲ ਵੱਲੋਂ ਉਪਲਬਧ ਕਰਵਾਏ ਗਏ Endline Testing ਦੇ ਅੰਕੜਿਆਂ ਅਤੇ ਸੁੰਤਤਰ ਜਾਂਚ ਵਿੱਚ ਪ੍ਰਾਪਤ ਅੰਕੜਿਆਂ ਵਿੱਚ 5% ਤੋਂ ਵੱਧ ਅੰਤਰ ਪਾਇਆ ਜਾਂਦਾ ਹੈ ਤਾਂ ਉੱਚ-ਅਧਿਕਾਰੀਆਂ ਵੱਲੋਂ ਸਕੂਲ ਮੁਖੀ ਅਤੇ ਸਬੰਧਤ ਅਧਿਆਪਕ 'ਤੇ ਗੰਭੀਰ ਨੋਟਿਸ ਲਿਆ ਜਾਵੇਗਾ। ਇਸ ਲਈ ਸਮੂਹ ਸਕੂਲ ਮੁੱਖੀ ਸੁਨਿਸ਼ਚਿਤ ਕਰਨ ਕਿ ਅਧਿਆਪਕ Endline testing ਦਾ ਸਹੀ ਅਤੇ ਨਿਰਪੱਖ ਡਾਟਾ ਹੀ ਅਪਲੋਡ ਕਰਣ।

5.0. <u>ਜਮਾਤਾਂ ਪਜੰਵੀਂ ਤੋਂ ਅੱਠਵੀਂ</u> ਲਈ Endline Testing ਮੁਕੰਮਲ ਹੋਣ ਤੋਂ ਬਾਅਦ ਮਿਤੀ 01.08.2024 ਤੋਂ ਰੈਗੂਲਰ ਟਾਈਮ ਟੇਬਲ ਤਹਿਤ ਸਾਰੇ ਵਿਸ਼ਿਆਂ ਦਾ ਰੈਗੂਲਰ ਸਲੇਬਸ ਕਰਵਾਇਆ ਜਾਵੇਗਾ। ਪਰੰਤੂ ਜਿਹੜੇ ਵਿਦਿਆਰਥੀ Endline Testing ਵਿੱਚ ਗਣਿਤ ਅਤੇ ਪੰਜਾਬੀ ਵਿਸ਼ੇ ਵਿੱਚ Level-1 ਤੇ ਹੋਣਗੇ, ਉਹਨਾਂ ਲਈ ਹੇਠ ਲਿਖੇ ਅਨੁਸਾਰ Remedial coaching ਕਰਵਾਉਣੀ ਯਕੀਨੀ ਬਣਾਈ ਜਾਵੇ ਜੀ।

5.1 ਸਵੇਰ ਦੀ ਸਭਾ ਦਾ ਸਮਾਂ ਹਫ਼ਤੇ ਵਿੱਚ ਤਿੰਨ ਦਿਨ ਗਣਿਤ ਅਤੇ ਤਿੰਨ ਦਿਨ ਪੰਜਾਬੀ ਦੀ Remedial coaching ਕਰਵਾਉਣ ਲਈ ਵਰਤਿਆ ਜਾਵੇ।

5.2 ਇਸ ਤੋਂ ਇਲਾਵਾ ਸਕੂਲ ਮੁੱਖੀ ਆਪਣੀ ਯੋਜਨਾਬੰਦੀ ਅਨੁਸਾਰ ਇਹਨਾਂ ਵਿਦਿਆਰਥੀਆਂ ਲਈ ਬਾਕੀ time table ਵਿੱਚ ਕੋਈ ਇੱਕ ਪੀਰੀਅਡ ਹਰ ਰੋਜ਼ ਪੰਜਾਬੀ ਅਤੇ ਗਣਿਤ ਵਿਸ਼ੇ ਦੀ Remedial coaching ਲਈ ਨਿਰਧਾਰਿਤ ਕਰਨਗੇ।

6.0. **ਜਮਾਤਾਂ ਦੂਜੀ ਤੋਂ ਚੌਥੀ ਲਈ** ਮਿਤੀ 01.08.2024 ਤੋਂ ਰੈਗੂਲਰ ਟਾਈਮ ਟੇਬਲ ਸ਼ੁਰੂ ਹੋ ਜਾਵੇਗਾ ਅਤੇ ਪੜ੍ਹਾਈ ਗਰੁਪਿੰਗ ਅਧਾਰਿਤ ਨਾ ਹੋ ਕੇ ਜਮਾਤ ਵਾਇਜ਼ ਹੋਵੇਗੀ। ਇਹਨਾਂ ਜਮਾਤਾਂ ਲਈ ਮਿਤੀ 31.08.2024 ਤੱਕ ਪਹਿਲੇ ਤਿੰਨ ਘੰਟੇ ਮਿਸ਼ਨ ਸਮਰੱਥ ਚਲਾਇਆ ਜਾਵੇਗਾ ਅਤੇ ਅੱਧੀ ਛੁੱਟੀ ਤੋਂ ਬਾਅਦ ਸਾਰੇ ਵਿਸ਼ਿਆਂ ਦਾ ਰੈਗੂਲਰ ਸਿਲੇਬਸ ਕਰਵਾਇਆ ਜਾਵੇਗਾ। ਇਹਨਾਂ ਜਮਾਤਾ ਦੀ Endline Testing ਮੁਕੰਮਲ ਹੋਣ ਉਪਰੰਤ ਮਿਤੀ 01.09.2024 ਤੋਂ ਜਿਹੜੇ ਵਿਦਿਆਰਥੀ ਗਣਿਤ ਅਤੇ ਪੰਜਾਬੀ ਵਿਸ਼ੇ ਵਿੱਚ Level-1 ਤੇ ਹੋਣਗੇ, ਉਹਨਾਂ ਲਈ ਹੇਠ ਲਿਖੇ ਅਨੁਸਾਰ Remedial coaching ਕਰਵਾਉਣੀ ਯਕੀਨੀ ਬਣਾਈ ਜਾਵੇ:-

6.1 ਸਵੇਰ ਦੀ ਸਭਾ ਦਾ ਸਮਾਂ ਹਫ਼ਤੇ ਵਿੱਚ ਤਿੰਨ ਦਿਨ ਗਣਿਤ ਅਤੇ ਤਿੰਨ ਦਿਨ ਪੰਜਾਬੀ ਦੀ Remedial coaching ਕਰਵਾਉਣ ਲਈ ਵਰਤੀਆ ਜਾਵੇ।

6.2 ਇਸ ਤੋਂ ਇਲਾਵਾ ਸਕੂਲ ਮੁੱਖੀ ਆਪਣੀ ਯੋਜਨਾਬੰਦੀ ਅਨੁਸਾਰ ਇਹਨਾਂ ਵਿਦਿਆਰਥੀਆਂ ਲਈ ਬਾਕੀ time table ਵਿੱਚ ਕੋਈ ਇੱਕ ਪੀਰੀਅਡ ਹਰ ਰੋਜ਼ ਗਣਿਤ ਅਤੇ ਪੰਜਾਬੀ ਵਿਸ਼ੇ ਦੀ Remedial coaching ਲਈ ਨਿਰਧਾਰਿਤ ਕਰਨਗੇ।

7.0. Remedial coaching ਲੈਣ ਵਾਲੇ Level-1 ਦੇ ਵਿਦਿਆਰਥੀਆਂ ਦੀ ਹਰ 15 ਦਿਨਾਂ ਬਾਅਦ testing ਕੀਤੀ ਜਾਵੇਗੀ ਅਤੇ **ਈ ਪੰਜਾਬ ਐਪ ਤੇ ਡਾਟਾ ਅਪਲੋਡ** ਕੀਤੀ ਜਾਵੇ । ਜਿਹੜੇ ਵਿਦਿਆਰਥੀ ਫਿਰ ਵੀ Level-1 ਤੇ ਰਹਿ ਜਾਣਗੇ, ਉਹਨਾਂ ਦੀ Remedial coaching ਅੱਗੇ ਜਾਰੀ ਰੱਖੀ ਜਾਵੇਗੀ।

8.0. Endline Testing ਲਈ tools DEO (SE)/DEO(EE) ਦੀ ਈ-ਮੇਲ ਰਾਹੀਂ ਸਾਰੇ ਸਕੂਲ ਮੁਖੀਆਂ ਨੂੰ ਮਿਤੀ 27.07.2024 ਨੂੰ ਸ਼ੇਅਰ ਕਰ ਦਿੱਤੇ ਜਾਣਗੇ।

9.0. ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

**(ਅਮਨਿੰਦਰ ਕੌਰ, ਪੀ.ਸੀ.ਐਸ.)**
**ਡਾਇਰੈਕਟਰ,ਐਸ.ਸੀ.ਈ.ਆਰ.ਟੀ.,**
**ਪੰਜਾਬ।**

**ਪਿੰਠ ਅੰਕਣ ਨੰਬਰ: ਉਕਤ** **ਮਿਤੀ:**

**ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:**

1. ਨਿ.ਸ./ਸਕੱਤਰ ਸਕੂਲ ਸਿੱਖਿਆ, ਪੰਜਾਬ
2. ਨਿ.ਸ./ਵਧੀਕ ਸਕੱਤਰ ਸਕੂਲ ਸਿੱਖਿਆ, ਪੰਜਾਬ
3. ਨਿ.ਸ./ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
4. ਨਿ.ਸ./ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ), ਪੰਜਾਬ
5. ਨਿ.ਸ./ਡਾਇਰੈਕਟਰ ਸਕੂਲ ਸਿੱਖਿਆ (ਐਲੀਮੈਂਟਰੀ), ਪੰਜਾਬ
6. DM (MIS) –ਵੈੱਬਸਾਈਟ ਤੇ ਅਪਲੋਡ ਕਰਨ ਲਈ

**(ਅਮਨਿੰਦਰ ਕੌਰ, ਪੀ.ਸੀ.ਐਸ.)**
**ਡਾਇਰੈਕਟਰ, ਐਸ.ਸੀ.ਈ.ਆਰ.ਟੀ.,**
**ਪੰਜਾਬ।**

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ. ਸਿ) ਫਰੀਦਕੋਟ
ਪਿੱਠ ਅੰਕਣ ਨੰ ਸ-6/ 2024/1981 ਮਿਤੀ 29/7/24

ਉਪਰੋਕਤ ਪੱਤਰ ਵਿਸ਼ੇ ਸਬੰਧੀ ਸਮੂਹ ਸਕੂਲ ਮੁੱਖੀਆਂ ਨੂੰ ਸਿੱਖਿਆ ਸਕੱਤਰ ਤੋਂ ਪ੍ਰਾਪਤ ਹਿਤ ਕੀਤੀਆਂ ਗਈਆਂ ਹਦਾਇਤ ਦੀ ਇੰਨ-ਬਿੰਨ ਪਾਲਣ ਕਰਨੀ ਯਕੀਨੀ ਬਣਾਈ ਜਾਵੇ,

29/7/24
ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਫਰੀਦਕੋਟ

P.K
29/7/24